

ਸਰੀਰਕ ਮੌਤ ਤੋਂ ਮੈਂ ਨਹੀਂ ਡਰਦਾ,
ਜ਼ਮੀਰ ਦਾ ਮਰ ਜਾਣਾ ਯਕੀਨਨ ਮੌਤ ਹੈ।
-ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ

# ਚੜ੍ਹਦੀ ਕਲਾ
# ਸੰਪਾਦਕੀ

## "ਹਿੰਦੂਤਵੀ ਸ਼ਿਵ ਸੈਨਾ ਗੁੰਡੇ ਬਾਲ ਠਾਕਰੇ ਦੀ ਸਿੱਖਾਂ ਨੂੰ ਧਮਕੀ ਬਨਾਮ ਪ੍ਰਸ਼ੰਸਾ"

23 ਜੂਨ ਨੂੰ ਭਾਰਤੀ ਮੀਡੀਏ ਨੇ, ਬੰਬਈ ਦੇ 82 ਸਾਲਾ ਹਿੰਦੂਤਵੀ ਸ਼ਿਵ ਸੈਨਿਕ ਬਾਲ ਠਾਕਰੇ ਵਲੋਂ ਆਪਣੇ ਮਰਾਠੀ ਪਰਚੇ 'ਸਾਮਨਾ' ਰਾਹੀਂ ਮਹਾਰਾਸ਼ਟਰਾ ਦੇ ਸਿੱਖਾਂ ਨੂੰ ਦਿੱਤੀ ਦਿੱਤੀ ਧਮਕੀ ਦੀ ਖਬਰ ਨੂੰ ਬੜੀ ਪ੍ਰਮੁੱਖਤਾ ਨਾਲ ਛਾਪਿਆ। ਠਾਕਰੇ ਨੇ ਕਿਹਾ ਕਿ- 'ਮੁਲੰਡ ਏਰੀਏ ਵਿੱਚ ਬਹੁਤ ਸਾਰੇ ਸਿੱਖ ਨੰਗੀਆਂ ਤਲਵਾਰਾਂ ਲੈ ਕੇ ਘੁੰਮ ਰਹੇ ਹਨ ਅਤੇ ਔਰਤਾਂ ਸਮੇਤ ਬੇਗੁਨਾਹ ਲੋਕਾਂ 'ਤੇ ਹਮਲੇ ਕਰ ਰਹੇ ਹਨ। ਗੱਡੀਆਂ 'ਤੇ ਸਫਰ ਕਰਨ ਵਾਲਿਆਂ ਨੂੰ ਵੀ ਬਿਨਾਂ ਵਜ੍ਹਾ ਨਿਸ਼ਾਨਾ ਬਣਾਇਆ ਗਿਆ। ਮੁਲੰਡ ਦੀ ਸ਼ਿਵ ਸੈਨਾ ਸ਼ਾਖਾ ਵਿੱਚ, ਬਹੁਤ ਸਾਰੀਆਂ ਔਰਤਾਂ ਨੇ ਆ ਕੇ ਸ਼ਿਕਾਇਤ ਕੀਤੀ ਹੈ। ਸਾਡੇ ਅਹੁਦੇਦਾਰ ਸ਼ਿੰਦੇ ਦੀ ਸ਼ਿਕਾਇਤ ਦੇ ਬਾਵਜੂਦ, ਪੁਲੀਸ ਨੇ ਸਿੱਖਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ। ਸਿੱਖਾਂ ਨੂੰ ਆਪਣੇ ਬਜ਼ੁਰਗਾਂ ਤੋਂ ਨਵੰਬਰ -84 ਦੇ 'ਕਤਲੇਆਮ' ਬਾਰੇ ਪੁੱਛਣਾ ਚਾਹੀਦਾ ਹੈ। ਜੇਕਰ ਉਨ੍ਹਾਂ ਨੂੰ ਖੁਦ ਨੂੰ ਇਹ ਭੁੱਲ ਗਿਆ ਹੋਵੇ। ਸਿੱਖ ਯਾਦ ਰੱਖਣ ਕਿ ਜੇ ਨਵੰਬਰ-84 ਦੀ ਸਿੱਖ ਵਿਰੋਧੀ ਲਹਿਰ, ਬੰਬਈ (ਮਹਾਰਾਸ਼ਟਰ) ਵਿੱਚ ਨਹੀਂ ਸੀ ਪਹੁੰਚੀ ਤਾਂ ਉਸ ਦਾ ਕਾਰਨ ਸ਼ਿਵ ਸੈਨਾ ਹੀ ਸੀ। ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਵੀ ਮੇਰਾ ਇਸ ਲਈ ਧੰਨਵਾਦ ਕੀਤਾ ਸੀ। ਪਰ ਜੇ ਸਿੱਖਾਂ ਨੇ ਭਵਿੱਖ ਵਿੱਚ, ਹਿੰਸਕ ਕਾਰਵਾਈ ਜਾਰੀ ਰੱਖੀ ਤਾਂ ਅਸੀਂ ਉਨ੍ਹਾਂ ਨੂੰ ਇਸ ਦਾ ਮੂੰਹ-ਤੋੜਵਾਂ ਜਵਾਬ ਦੇਵਾਂਗੇ।'

ਬਾਲ ਠਾਕਰੇ ਦੇ ਇਸ ਬਿਆਨ ਦਾ ਕੇਂਦਰ ਸਰਕਾਰ, ਮਹਾਰਾਸ਼ਟਰ ਸਰਕਾਰ, ਰਾਸ਼ਟਰੀ ਪਾਰਟੀਆਂ ਅਤੇ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਧਿਰਾਂ ਨੇ 'ਨੋਟਿਸ' ਤਾਂ ਕੀ ਲੈਣਾ ਸੀ - ਸਗੋਂ ਸਿੱਖ ਲੀਡਰਸ਼ਿਪ ਸਮੇਤ ਸਭ ਨੇ ਸਾਹ ਸੂਤ ਲਏ। ਜ਼ਾਹਰ ਹੈ ਕਿ ਬਾਲ ਠਾਕਰੇ ਨੇ ਭਵਿੱਖ ਵਿੱਚ ਮਹਾਰਾਸ਼ਟਰ ਵਿੱਚ ਸਿੱਖਾਂ ਦੀ ਨਸਲਕੁਸ਼ੀ ਕਰਣ ਲਈ ਅਧਾਰ ਤਹਿ ਕਰ ਲਿਆ ਹੈ। ਇਸ ਡਰ ਦੀ ਨੀਤੀ ਨੂੰ ਵਰਤ ਕੇ ਉਹ ਅਗਾਮੀ ਲੋਕ ਸਭਾ ਚੋਣਾਂ ਲਈ ਹਿੰਦੂ ਵੋਟਾਂ ਨੂੰ ਵੀ ਤਿਆਰ ਕਰ ਰਿਹਾ ਹੈ। ਬਾਲ ਠਾਕਰੇ ਵਲੋਂ ਸਿੱਖਾਂ ਨੂੰ 'ਔਰਤਾਂ ਤੇ ਬੇਗੁਨਾਹ ਲੋਕਾਂ ਤੇ ਹਮਲੇ ਕਰਨ' ਦਾ ਦੋਸ਼ ਦੇਣਾ - ਸਰਾਸਰ ਝੂਠਾ ਤੇ ਬੇਮਾਅਨਾ ਹੈ। ਬੰਬਈ ਦੇ ਸਿੱਖਾਂ ਨੇ, ਮਹਾਰਾਸ਼ਟਰ ਸਰਕਾਰ ਦੀ ਕੂੜ-ਸੌਦਾ ਸਾਧ ਪ੍ਰਤੀ ਉਲਾਰ ਨੀਤੀ (ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਦੀ ਸਰਕਾਰ ਨਾ ਹੋ ਕੇ ਕਾਂਗਰਸ ਦੀ ਸਰਕਾਰ ਹੈ) ਦੇ ਵਿਰੁੱਧ ਰੇਲਾ ਜਾਂ ਬੱਸਾਂ ਜ਼ਰੂਰ ਰੋਕੀਆਂ ਹਨ - ਬੰਦ ਵੀ ਕੀਤਾ ਹੈ ਪਰ ਬੇਗੁਨਾਹਾਂ 'ਤੇ ਹਮਲਿਆਂ ਦੀ ਕੋਈ ਖਬਰ ਕਿਤੇ ਪ੍ਰਸਾਰਿਤ ਨਹੀਂ ਹੋਈ। ਇਸਦੇ ਬਾਵਜੂਦ ਪੁਲੀਸ ਨੇ ਨਾ ਸਿਰਫ ਸਿੱਖਾਂ ਤੇ ਲਾਠੀ ਚਾਰਜ ਅਤੇ ਅੱਥਰੂ ਗੈਸ ਦੀ ਵਰਤੋਂ ਹੀ ਕੀਤੀ (ਜਿਸ ਦੀ ਵੀਡੀਓ ਇੰਟਰਨੈੱਟ ਤੇ ਮੌਜੂਦ ਹੈ) ਬਲਕਿ 30 ਦੇ ਕਰੀਬ ਸਿੱਖਾਂ ਨੂੰ ਗ੍ਰਿਫਤਾਰ ਕਰਕੇ, ਝੂਠੇ ਕੇਸਾਂ ਵਿੱਚ ਵੀ ਫਸਾਇਆ ਹੈ। ਕਿਸੇ ਵੀ ਸਰਕਾਰ ਦੇ ਅਨਿਆਂ ਦੇ ਖਿਲਾਫ ਵਿਖਾਵਾ ਕਰਨਾ, ਲੋਕਾਂ ਦਾ ਬੁਨਿਆਦੀ ਹੱਕ ਹੈ, ਫਿਰ ਬਾਲ ਠਾਕਰੇ ਕਿਹੜੀ 'ਅਥਾਰਟੀ' ਨਾਲ, ਸਮੁੱਚੀ ਸਿੱਖ ਕੌਮ ਨੂੰ ਧਮਕੀ ਦੇ ਕੇ ਜ਼ਲੀਲ ਕਰ ਰਿਹਾ ਹੈ ? ਉਸ ਵਲੋਂ ਨਵੰਬਰ -84 ਵਿੱਚ ਸਿੱਖਾਂ 'ਤੇ ਕੀਤੇ ਗਏ ਅਖੌਤੀ ਅਹਿਸਾਨ ਦੀ ਚੋਭ, ਕੀ 26 ਮਿਲੀਅਨ ਸਿੱਖ ਕੌਮ ਨੂੰ ਇਹ ਅਹਿਸਾਸ ਨਹੀਂ ਕਰਵਾਉਂਦੀ ਕਿ ਸਾਡੀ 'ਹਿੰਦੂ ਭਾਰਤ' ਵਿੱਚ ਕੀ ਔਕਾਤ ਹੈ ?

ਇਸ ਮਰਾਠਾ ਗੁੰਡੇ ਨੂੰ ਆਪਣੇ ਬਾਬੇ-ਦਾਦਿਆਂ ਦੀਆਂ ਲੋਕ-ਕਹਾਣੀਆਂ 'ਚੋਂ, ਇਹ ਵੀ ਯਾਦ ਹੋਵੇਗਾ ਕਿ ਪਾਣੀਪਤ ਦੀ ਤੀਸਰੀ ਲੜਾਈ ਵਿੱਚ ਅਹਿਮਦ ਸ਼ਾਹ ਅਬਦਾਲੀ ਤੋਂ ਹਾਰਨ ਤੋਂ ਬਾਅਦ, ਕਿਵੇਂ ਹਜ਼ਾਰਾਂ ਮਰਾਠਾ ਔਰਤਾਂ ਨੂੰ ਅਬਦਾਲੀ ਦੇ ਫੌਜੀ 'ਬੰਦੀ' ਬਣਾ ਕੇ ਕਾਬਲ-ਕੰਧਾਰ ਨੂੰ ਲੈ ਤੁਰੇ ਸਨ। ਸ. ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ, ਇਹ ਬਹਾਦਰ ਸਿੱਖ ਯੋਧੇ ਹੀ ਸਨ - ਜਿਨ੍ਹਾਂ ਨੇ ਇਨ੍ਹਾਂ ਹਜ਼ਾਰਾਂ ਹਿੰਦੂ ਔਰਤਾਂ ਨੂੰ ਛੁਡਾ ਕੇ ਆਪਣੇ ਘੋੜਿਆਂ 'ਤੇ ਹੀ ਬਿਠਾ ਕੇ, ਮਹਾਂਰਾਸ਼ਟਰ ਜਾ ਕੇ ਇਹਨਾਂ ਦੇ ਘਰੋਂ-ਘਰੀਂ ਛੱਡਿਆ ਸੀ ਤੇ ਭੈਣਾਂ ਵਾਂਗ ਸ਼ਗਨ ਵੀ

ਦਿੱਤਾ ਸੀ। ਬਾਲ ਠਾਕਰੇ ਆਪਣੀ ਮਾਂ (ਜੇ ਜਿਊਂਦੀ ਹੋਵੇ) ਨੂੰ ਹੀ ਪੁੱਛ ਕੇ ਦੇਖੇ ਕਿ 'ਬਾਬਾ ਬੰਦੀ ਛੋੜ' ਦਾ ਨਾਂ ਸ. ਜੱਸਾ ਸਿੰਘ ਆਹਲੂਵਾਲੀਆ ਲਈ 'ਮਰਾਠੀ ਸਾਹਿਤ' ਅਤੇ 'ਮਰਾਠੀ ਲੋਕ ਗਾਥਾਵਾਂ' ਵਿੱਚ ਕਿਉਂ ਲਿਆ ਜਾਂਦਾ ਹੈ ?

ਬਾਲ ਠਾਕਰੇ ਦੀ ਧਮਕੀ ਨੇ, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਇੱਕ ਵਾਰ ਫੇਰ, ਹਰ ਸਿੱਖ ਨੂੰ ਯਾਦ ਦਿਵਾ ਦਿੱਤੀ ਹੈ –

'ਮੈਨੂੰ ਯਾਦ ਆਇਆ ਅੱਜ ਉਹ ਸੱਜਣ,
ਜਿਹਦੇ ਮਗਰ ਉਲਾਂਭੜਾ ਜੱਗ ਦਾ ਏ।'

ਇੰਦਰਾ ਗਾਂਧੀ ਨੇ 1983 ਵਿੱਚ ਇੱਕ ਬਿਆਨ ਦਾਗਿਆ ਸੀ – 'ਅਕਾਲੀਓਂ ਨੇ ਪੰਜਾਬ ਮੇਂ ਮੋਰਚਾ ਲਗਾਇਆ ਹੂਆ ਹੈ – ਉਨਹੇਂ ਪੰਜਾਬ ਸੇ ਬਾਹਰ ਰਹਿਨੇ ਵਾਲੇ ਸਿੱਖੋਂ ਕੀ ਸੁਰਖਸ਼ਾ ਕਾ ਭੀ ਫਿਕਰ ਕਰਨਾ ਚਾਹੀਏ....।' ਜ਼ਾਹਰ ਸੀ ਕਿ ਇੰਦਰਾ ਗਾਂਧੀ ਨੇ ਸਿੱਖਾਂ ਨੂੰ 'ਅਸਿੱਧੀ ਧਮਕੀ' ਦਿੱਤੀ ਸੀ। ਸੰਤ ਭਿੰਡਰਾਂਵਾਲਿਆਂ ਨੇ, ਇਸ ਧਮਕੀ ਦਾ ਮੂੰਹ ਤੋੜਵਾਂ ਉੱਤਰ ਇਹ ਦਿੱਤਾ ਸੀ – 'ਅਸੀਂ ਸਵਾ ਸਵਾ ਲੱਖ ਨਾਲ ਲੜਨ ਵਾਲੇ ਹਾਂ। ਜੇ ਤੁਹਾਡਾ ਇਹ ਰਵੱਈਆ ਹੈ ਤਾਂ ਯਾਦ ਰੱਖੋ ਫੇਰ ਇੱਕ ਇੱਕ ਸਿੱਖ ਦੇ ਹਿੱਸੇ 35-35 ਈ ਆਉਂਦੇ ਨੇ.....' ਮੁੜ ਕੇ ਕਿਸੇ ਦੀ ਕੁਝ ਕਹਿਣ ਦੀ ਜ਼ੁਰਅਤ ਨਹੀਂ ਸੀ ਪਈ ਹਾਲਾਂਕਿ ਸੰਤਾਂ ਦੇ ਇਸ ਬਿਆਨ ਨੂੰ ਅੱਜ ਤੱਕ ਵੀ ਹਿੰਦੂਆਂ ਦੇ ਖਿਲਾਫ ਨਫਰਤ ਫੈਲਾਉਣ ਵਾਲਾ ਦੱਸਕੇ ਪ੍ਰਚਾਰਿਆ ਜਾਂਦਾ ਹੈ। ਬਾਲ ਠਾਕਰੇ ਨੇ ਤਾਂ ਹੁਣ ਸਿੱਧੇ ਤੌਰ 'ਤੇ ਹੀ ਸਿੱਖਾਂ 'ਤੇ ਨਿਸ਼ਾਨਾ ਸਾਧਿਆ ਹੈ – ਸਾਡੇ 'ਸ਼ਾਂਤੀ ਦੇ ਪੁੰਜ' ਭਰਾ-ਭੈਣਾਂ ਹੁਣ ਸਾਨੂੰ ਦੱਸਣ ਕਿ ਇਹੋ ਜਿਹੀ ਧਮਕੀ ਦੇ ਰੂਬਰੂ 'ਸਿੱਖ ਜਵਾਬ' ਕੀ ਹੋਣਾ ਚਾਹੀਦਾ ਹੈ ?

ਸਿੱਖੀ ਦੇ ਨਾਂ ਤੇ 'ਕਲੰਕ' ਇੱਕ ਪਾਰਟੀ ਪੰਜਾਬ ਵਿੱਚ ਰਾਜ ਕਰ ਰਹੀ ਹੈ – ਜਿਸਦਾ ਨਾਂ 'ਬਾਦਲ ਅਕਾਲੀ ਦਲ' ਹੈ। ਇਸ ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ (ਡਾ. ਚੀਮਾ ਦਾ ਨਾਂ ਉਸ ਬਿਆਨ ਵਿੱਚ ਆਇਆ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਹਰਚਰਨ ਬੈਂਸ-ਮੀਡੀਆ ਐਡਵਾਇਜ਼ਰ, ਅਵਤਾਰ ਸਿੰਘ ਮੱਕੜ – ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਦਲਜੀਤ ਚੀਮਾ-ਸਪੋਕਸਮੈਨ, ਜਥੇਦਾਰਾਂ ਦੇ ਕੋਲ ਬਹਿ ਕੇ ਹੁਕਮਨਾਮੇ ਲਿਖਵਾਉਂਦੇ ਹਨ – ਜਿਹੜੇ ਕਿ ਪੰਥ ਦੇ ਨਾਂ ਜਾਰੀ ਕੀਤੇ ਜਾਂਦੇ ਹਨ) ਨੇ, ਅਜੀਤ ਅਖਬਾਰ ਨੂੰ ਫੌਜ ਤੇ ਬਾਲ ਠਾਕਰੇ ਦੀ ਪ੍ਰਸ਼ੰਸਾ ਵਿੱਚ ਫੁੱਲਿਆ ਨਾ ਸਮਾਉਂਦਿਆਂ ਦੱਸਿਆ ਹੈ ਕਿ "ਬਾਲ ਠਾਕਰੇ ਨੇ 'ਸਾਮਨਾ' ਦੇ ਤਾਜ਼ਾ ਅੰਕ ਵਿਚਲੇ ਆਪਣੇ ਸੰਪਾਦਕੀ ਵਿੱਚ, ਸਿੱਖ ਭਾਈਚਾਰੇ ਦੀ ਦੇਸ਼-ਭਗਤੀ ਦੇ ਮਾਮਲੇ ਵਿੱਚ ਭਾਰੀ ਪ੍ਰਸ਼ੰਸਾ ਕੀਤੀ ਹੈ। ਉਸਦਾ ਕਹਿਣਾ ਹੈ ਕਿ ਸਿੱਖਾਂ ਤੇ ਹਿੰਦੂਆਂ ਵਿਚਾਲੇ ਸਦੀਆਂ ਪੁਰਾਣੀ ਸਾਂਝ ਹੈ –ਜਿਹਨਾਂ ਨੇ ਮੁਗਲਾਂ ਦੇ ਕੱਟੜਵਾਦ ਦਾ ਹਮੇਸ਼ਾ ਇਕੱਠਿਆਂ ਮੁਕਾਬਲਾ ਕੀਤਾ ....ਸ਼ਿਵ ਸੈਨਾ ਦੇ ਅਖਬਾਰ ਵਲੋਂ, ਸਿੱਖ ਭਾਈਚਾਰੇ ਦੀ ਪ੍ਰਸ਼ੰਸਾ ਵਾਲੀ ਇਸ ਸੰਪਾਦਕੀ ਨਾਲ ਮਹਾਰਾਸ਼ਟਰ ਵਿੱਚ ਸਿੱਖ ਮਰਾਠਾ ਸਬੰਧਾਂ ਨੂੰ ਹੋਰ ਮਜ਼ਬੂਤੀ ਮਿਲੀ ਹੈ....."

ਦਲਜੀਤ ਸਿੰਘ ਚੀਮੇ ਦਾ ਇਹ ਬਿਆਨ, ਬਾਬਾ ਫਰੀਦ ਜੀ ਦੀਆਂ ਇਹਨਾਂ ਤੁਕਾਂ ਵੱਲ ਧਿਆਨ ਲੈ ਜਾਂਦਾ ਹੈ –

'ਇਹੋ ਹਮਾਰਾ ਜੀਵਣਾ
ਤੂੰ ਸਾਹਿਬ ਸਚੇ ਵੇਖ।'

ਸ਼ੇਰਾਂ ਦੀ ਕੌਮ ਅੱਜ ਇੰਨੀ ਮੁਥਾਜੀ ਵਿੱਚ ਹੈ ਕਿ ਬੰਬਈ ਦਾ ਇੱਕ 'ਸੜਕਛਾਪ ਗੁੰਡਾ' ਸਮੁੱਚੀ ਕੌਮ ਦਾ ਸਾਹ ਸੁਕਾਉਣ ਲਈ ਕਾਫੀ ਹੈ। 1984 ਤੋਂ 1995 ਤੱਕ ਦੇ ਦੌਰ ਵਿੱਚ ਇਹ ਗੁੰਡਾ ਕਿੱਥੇ ਸੀ ? ਪੰਜਾਬ ਵਿੱਚ ਇਹਨੇ ਪਵਨ ਕੁਮਾਰ (ਪਟਿਆਲਾ) ਸੁਰਿੰਦਰ ਬਿੱਲਾ (ਅੰਮ੍ਰਿਤਸਰ), ਜਗਦੀਸ਼ ਤਾਂਗੜੀ ਵਰਗੇ ਡਰਪੋਕ ਗੁੰਡੇ ਤਾਂ ਜ਼ਰੂਰ ਪਾਲੇ ਸਨ ਪਰ ਮਹਾਰਾਸ਼ਟਰ ਦੇ ਕਿਸੇ ਸਿੱਖ ਦੀ ਵਾਅ ਵੱਲ ਵੀ ਵੇਖਣ ਦੀ ਜ਼ੁਰਅਤ ਨਹੀਂ ਸੀ ਕੀਤੀ। ਇਸ ਆਰ. ਐਸ. ਐਸ. ਦੇ ਸਾਥੀ ਦੀ ਸਿੱਖਾਂ ਨੂੰ ਧਮਕੀ, ਅਤੇ ਸਿੱਖਾਂ ਦੀ ਪਾਰਟੀ ਅਕਾਲੀ ਦਲ ਦਾ ਇਸ ਤੇ ਦਿੱਤਾ 'ਪ੍ਰਤੀਕਰਮ' ਅੱਜ ਭਾਰਤ ਦੇ ਨਕਸ਼ੇ ਵਿੱਚ ਕੈਦ ਸਿੱਖਾਂ ਦੀ ਗੁਲਾਮੀ ਦੀ ਦਾਸਤਾਨ ਸੁਣਾ ਰਿਹਾ ਹੈ। ਪਰ ਬਾਲ ਠਾਕਰੇ, ਪ੍ਰਕਾਸ਼ ਸਿੰਘ ਬਾਦਲ ਅਤੇ ਉਸ ਦੀ ਹੱਥ ਜੋੜੂ, ਬੇ-ਗੈਰਤ ਜੁੰਡਲੀ, ਕੇਂਦਰ ਦੀ ਨਪੁੰਸਕ ਸਰਕਾਰ – ਇਹ ਸਭ ਸਿੱਖ ਕੌਮ ਨੂੰ ਅਤੇ ਸਿੱਖਾਂ ਦੀ ਅਣਖ ਨੂੰ 'ਅੰਡਰ- ਐਸਟੀਮੇਟ' ਕਰ ਰਹੇ ਹਨ। ਸਿੱਖ ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਹਰ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਹੈ। ਜੇ ਜ਼ਾਲਮਾਂ ਨੇ, ਇੰਦਰਾ ਗਾਂਧੀ-ਰਾਜੀਵ ਗਾਂਧੀ ਦੌਰ ਦਾ ਜੂਨ-84 ਜਾਂ ਨਵੰਬਰ-84 ਦੋਹਰਾਉਣ ਦਾ ਯਤਨ ਕੀਤਾ ਤਾਂ ਫੇਰ ਕੌਮ ਦੀਆਂ ਸਫਾਂ ਚੋਂ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਭਾਈ ਜਿੰਦਾ, ਭਾਈ ਸੁੱਖਾ ਅਤੇ ਭਾਈ ਦਿਲਾਵਰ ਸਿੰਘ ਦੇ 'ਕਾਫਲੇ' ਤੁਰਨਗੇ, ਜਿਹੜੇ ਇਨ੍ਹਾਂ ਜ਼ਾਲਮਾਂ ਅਤੇ ਇਨ੍ਹਾਂ ਦੇ ਜ਼ੁਲਮੀਂ ਰਾਜ ਦੀਆਂ ਜੜ੍ਹਾਂ ਪੁੱਟ ਕੇ ਭਾਰਤੀ ਮਹਾਂਸਾਗਰ ਦੇ ਪਾਣੀਆਂ ਵਿੱਚ, ਰੋੜਨ ਦਾ ਇਤਿਹਾਸ ਦੋਹਰਾਉਣਗੇ। ਗੁੰਡੇ ਬਾਲ ਠਾਕਰੇ ਅਤੇ ਉਸ ਦੀ ਨਸਲ ਦੇ ਲੋਕਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਆ ਜਾਣੀ ਚਾਹੀਦੀ ਹੈ।